## ਜਨਮ ਦਿਨ ਮੁਬਾਰਕ



ਮਨਵੀਰ ਸੈਣੀ
ਪਿਤਾ : ਮਨਜੀਤ ਸੈਣੀ/ਮਾਤਾ : ਰਣਵੀਰ ਕੌਰ
ਵਾਸੀ : ਜਲੰਧਰ

## ਵਰ੍ਹੇਗੰਢ ਮਨਾਈ



ਅਜੇ ਕਲੇਰ ਅਤੇ ਸਰੋਜ ਰਾਣੀ ਵਾਸੀ ਪਿੰਡ ਨਾਨਕ ਨਗਰੀ ਚਹੇੜੂ, ਫਗਵਾੜਾ ਨੇ ਵਿਆਹ ਦੀ 16ਵੀਂ ਵਰ੍ਹੇਗੰਢ ਮਨਾਈ।



ਸਤਿੰਦਰ ਸਿੰਘ ਅਤੇ ਰੁਪਿੰਦਰ ਕੌਰ ਵਾਸੀ ਦਕੋਹਾ ਜਲੰਧਰ ਨੇ ਵਿਆਹ ਦੀ 17ਵੀਂ ਵਰ੍ਹੇਗੰਢ ਮਨਾਈ।



ਪ੍ਰੇਮ ਕੁਮਾਰ ਅਤੇ ਰਮਾ ਵਾਸੀ ਜਲੰਧਰ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।



ਪਿੰਕਾ ਭਗਤ ਅਤੇ ਮੰਜੂ ਬਾਲਾ ਵਾਸੀ ਜਲੰਧਰ ਨੇ ਆਪਣੇ ਵਿਆਹ ਦੀ 21ਵੀਂ ਵਰ੍ਹੇਗੰਢ ਮਨਾਈ।



ਜਸਪਾਲ ਸਿੰਘ ਅਤੇ ਰਾਜਵਿੰਦਰ ਕੌਰ ਵਾਸੀ ਲੁਧਿਆਣਾ ਨੇ ਵਿਆਹ ਦੀ 28ਵੀਂ ਵਰ੍ਹੇਗੰਢ ਮਨਾਈ।


ਸਰਬ ਮਲਟੀਪਲੈਕਸ

ਸਿਨੇਮਾ ਸਰਬ SARB JALANDHAR

28 ਨਵੰਬਰ ਸ਼ੁੱਕਰਵਾਰ ਤੋਂ

www.facebook.com/sarbmultiplextheater

ਤੇਰੇ ਇਸ਼ਕ ਮੇਂ

10.00 AM, 01.25 PM, 02.30 PM, 04.50PM, 06.20 PM, 08.15PM, 09.45 PM

ਯਮਲਾ

09.50 AM, 12.40 PM, 03.30 PM, 08.40 PM

ਇਕ ਕੁੜੀ

12.00 PM

ਮਸਤੀ-4

09.30 AM, 06.00 PM

ਈ-ਬੁਕਿੰਗ ਟਿਕਟ ਬੁੱਕ ਕਰੋ :
www.sarbmultiplex.com
ਫੋਨ :
0181-5010770, 5010771, 5010772
0181-2299300, 2299400






ਮਨਰੇਗਾ ਲਾਭਪਾਤਰੀਆਂ ਨਾਲ ਵਾਰਤਾ ਦੌਰਾਨ ਸ਼ਿਵਰਾਜ ਸਿੰਘ ਚੌਹਾਨ ਤੇ ਨਾਲ ਸੁਨੀਲ ਜਾਖੜ, ਰਾਕੇਸ਼ ਰਾਠੌਰ, ਅਸ਼ਵਨੀ ਸ਼ਰਮਾ, ਅਨਿਲ ਸਰੀਨ, ਸੁਸ਼ੀਲ ਸ਼ਰਮਾ ਤੇ ਹੋਰ। (ਸੱਜੇ) ਵਾਰਤਾ 'ਚ ਮੌਜੂਦ ਮਨਰੇਗਾ ਲਾਭਪਾਤਰੀ। ਤਸਵੀਰਾਂ : ਮੁਨੀਸ਼

# ਕੇਂਦਰੀ ਮੰਤਰੀ ਨੇ ਸੁਣੀਆਂ ਮਨਰੇਗਾ ਲਾਭਪਾਤਰੀਆਂ ਦੀਆਂ ਮੁਸ਼ਕਿਲਾਂ

**ਵਾਰਤਾ ਮੀਟਿੰਗ 'ਚ ਸੁਨੀਲ ਜਾਖੜ, ਅਸ਼ਵਨੀ ਸ਼ਰਮਾ, ਰਾਠੌਰ, ਸਰੀਨ, ਸੁਸ਼ੀਲ ਸ਼ਰਮਾ ਵੀ ਰਹੇ ਮੌਜੂਦ**


ਜਲੰਧਰ, 27 ਨਵੰਬਰ (ਸ਼ਿਵ)- ਕੇਂਦਰੀ ਪੇਂਡੂ ਵਿਕਾਸ ਅਤੇ ਖੇਤੀ ਅਤੇ ਕਿਸਾਨ ਕਲਿਆਣ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਕੇ. ਐਲ. ਸਹਿਗਲ ਮੈਮੋਰੀਅਲ ਹਾਲ 'ਚ ਵਿਸ਼ੇਸ਼ ਤੌਰ 'ਤੇ ਮਨਰੇਗਾ ਲਾਭਪਾਤਰੀਆਂ ਨਾਲ ਵਾਰਤਾ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਮਨਰੇਗਾ ਲਾਭਪਾਤਰੀਆਂ ਨੂੰ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੀ ਭਲਾਈ ਲਈ ਲਗਾਤਾਰ ਯਤਨ ਕੀਤੇ ਜਾਂਦੇ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੰਜਾਬ ਭਾਜਪਾ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ, ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਅਸ਼ਵਨੀ ਸ਼ਰਮਾ, ਅਨਿਲ ਸਰੀਨ, ਰਾਕੇਸ਼ ਰਾਠੌਰ, ਜਲੰਧਰ ਭਾਜਪਾ ਪ੍ਰਧਾਨ ਸੁਸ਼ੀਲ ਸ਼ਰਮਾ ਮੌਜੂਦ ਸਨ। ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਕੀਤੀ ਗਈ ਵਾਰਤਾ ਵਿਚ ਕਈ ਮਨਰੇਗਾ ਲਾਭਪਾਤਰੀਆਂ ਨੇ ਕਿਹਾ ਕਿ ਮਨਰੇਗਾ ਵਰਕਰਾਂ ਲਈ ਠੇਕਾ ਸਿਸਟਮ ਖ਼ਤਮ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਦੇ ਜਾਬ ਕਾਰਡ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮਨਰੇਗਾ ਵਰਕਰਾਂ ਦਾ ਕਹਿਣਾ ਸੀ ਕਿ ਉਹ ਮਿਹਨਤ ਨਾਲ ਕੰਮ ਕਰਦੇ ਹਨ ਤੇ ਉਨ੍ਹਾਂ ਦੇ ਉੱਪਰ ਕਿਸੇ ਦਾ ਦਬਾਅ ਨਹੀਂ ਹੋਣਾ ਚਾਹੀਦਾ ਹੈ। ਕੇਂਦਰੀ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਬਣਦੀ ਰਕਮ ਸਿੱਧੀ ਖਾਤਿਆਂ 'ਚ ਪੁਆਈ ਜਾਣੀ ਚਾਹੀਦੀ ਹੈ। ਇਸ ਮੌਕੇ ਸ਼ਿਵਰਾਜ ਸਿੰਘ ਚੌਹਾਨ ਨੇ ਕੇਂਦਰੀ ਸਰਕਾਰ ਦੀ ਮਨਰੇਗਾ ਵਰਕਰਾਂ ਦੇ ਕਲਿਆਣ ਲਈ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਕਿਹਾ ਕੇਂਦਰ ਸਰਕਾਰ ਮਨਰੇਗਾ ਵਰਕਰਾਂ ਦੇ ਪਰਿਵਾਰਾਂ ਲਈ ਪੜ੍ਹਾਈ, ਦਵਾਈ ਅਤੇ ਕਮਾਈ ਨੂੰ ਯਕੀਨੀ ਅਤੇ ਮਜ਼ਬੂਤ ਬਣਾਉਣ ਲਈ ਕੋਈ ਕਮੀ ਨਹੀਂ ਰਹਿਣ ਦੇਵੇਗੀ ਤੇ ਉਨਾਂ ਦੇ ਕਲਿਆਣ ਲਈ ਲਗਾਤਾਰ ਕਦਮ ਉਠਾਏ ਜਾਂਦੇ ਹਨ। ਇਸ ਤੋਂ ਪਹਿਲਾਂ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਦੇ ਪੁੱਜਣ 'ਤੇ ਭਾਜਪਾ ਆਗੂਆਂ ਵਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਅਸ਼ੋਕ ਸਰੀਨ ਹਿੱਕੀ, ਰਾਜੇਸ਼ ਕਪੂਰ, ਮਹਿੰਦਰ ਕੁਮਾਰ ਅਤੇ ਹੋਰ ਮਨਰੇਗਾ ਲਾਭਪਾਤਰੀ ਮੌਜੂਦ ਸਨ।

# ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਚੱਲ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਰਹੇ ਨਗਰ ਕੀਰਤਨ ਦੇ ਸਵਾਗਤ ਲਈ ਸਮੂਹ ਸੰਗਤ ਸ਼ਾਮਿਲ ਹੋਵੇ-ਮੰਨਣ

ਜਲੰਧਰ, 27 ਨਵੰਬਰ (ਹਰਵਿੰਦਰ ਸਿੰਘ ਫੁੱਲ)-ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ 25 ਨਵੰਬਰ ਨੂੰ ਸਜਾਇਆ ਗਿਆ ਨਗਰ ਕੀਰਤਨ ਪੜਾਅਵਾਰ ਹੁੰਦਾ ਹੋਇਆ 28 ਨਵੰਬਰ ਸ਼ਾਮ ਨੂੰ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਕੀਰਤਪੁਰ ਸਾਹਿਬ ਵਿਖੇ ਰਾਤ ਨੂੰ ਪੁੱਜੇਗਾ। ਜਿੱਥੇ ਰਾਤ ਦੇ ਵਿਸ਼ਰਾਮ ਉਪਰੰਤ 29 ਨਵੰਬਰ ਦਿਨ ਸਨਿਚਰਵਾਰ ਸਵੇਰੇ 8 ਵਜੇ ਨਗਰ ਕੀਰਤਨ ਗੁਰਦੁਆਰਾ ਬਿਬਾਣਗੜ੍ਹ ਤੋਂ ਆਰੰਭ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਪੁੱਜੇਗਾ। ਇਹ ਜਾਣਕਾਰੀ ਜਥੇਦਾਰ ਕੁਲਵੰਤ ਸਿੰਘ ਮੰਨਣ (ਮੁੱਖ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਦਿੰਦਿਆਂ ਦੱਸਿਆ ਕਿ ਇਸ ਨਗਰ ਕੀਰਤਨ ਦੇ ਅਨੰਦਪੁਰ ਸਾਹਿਬ ਦੀ ਧਰਤੀ 'ਚ ਪਹੁੰਚਣ 'ਤੇ ਹੋਣ ਵਾਲੇ ਸਮਾਗਮ ਨਾਲ 350 ਸਾਲਾ ਸ਼ਤਾਬਦੀ ਸਮਾਗਮਾਂ ਦੀ ਸਮਾਪਤੀ ਕੀਤੀ ਜਾਵੇਗੀ। ਜਥੇਦਾਰ ਮੰਨਣ ਨੇ ਸਮੂਹ ਸੰਗਤਾਂ ਨੂੰ ਅਪੀਲ ਕਿ ਆਓ ਇਸ ਨਗਰ ਕੀਰਤਨ 'ਚ ਸ਼ਾਮਿਲ ਹੋ ਕੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਨੂੰ ਸਿੱਜਦਾ ਕਰੀਏ।



ਜਥੇਦਾਰ ਕੁਲਵੰਤ ਸਿੰਘ ਮੰਨਣ




ਬੀ. ਐੱਸ. ਐਫ. ਚੌਂਕ ਦੇ ਕੋਲ ਸਥਾਪਿਤ ਕੀਤੀ ਗਈ ਵੱਡੇ ਆਕਾਰ ਦੀ ਆਕਰਸ਼ਕ ਆਕ੍ਰਿਤੀ। ਤਸਵੀਰ: ਜੀ. ਪੀ. ਸਿੰਘ

# ਬੀ. ਐੱਸ. ਐਫ. ਚੌਂਕ 'ਚ ਘੁੰਮਦੀ ਆਕ੍ਰਿਤੀ ਬਣੀ ਲੋਕਾਂ ਦੇ ਆਕਰਸ਼ਨ ਦਾ ਕੇਂਦਰ

ਜਲੰਧਰ, 27 ਨਵੰਬਰ (ਸ਼ਿਵ)- ਨਗਰ ਨਿਗਮ ਵਲੋਂ ਕੰਪਨੀਆਂ ਦੇ ਸਹਿਯੋਗ ਨਾਲ ਸ਼ਹਿਰ ਦੇ ਚੌਕਾਂ ਨੂੰ ਖ਼ੂਬਸੂਰਤ ਬਣਾਉਣ ਦਾ ਕੰਮ ਤੇਜ਼ੀ ਨਾਲ ਜਾਰੀ ਹੈ। ਹੁਣ ਤੱਕ ਸ੍ਰੀ ਗੁਰੂ ਅਮਰ ਦਾਸ ਚੌਂਕ, ਬਬਰੀਕ ਚੌਕ ਤੇ ਹੋਰ ਚੌਕਾਂ ਨੂੰ ਖ਼ੂਬਸੂਰਤ ਬਣਾਇਆ ਜਾ ਚੁੱਕਾ ਹੈ ਤੇ ਦੋਆਬਾ ਚੌਕ ਦਾ ਵੀ ਨਵੀਨੀਕਰਨ ਕੀਤਾ ਜਾ ਰਿਹਾ ਹੈ ਜਦਕਿ ਬੀ. ਐੱਸ. ਐਫ. ਚੌਕ ਦੇ ਨਾਲ ਹੀ ਇੱਕ ਵੱਡੇ ਆਕਾਰ ਦੀ ਘੁੰਮਦੀ ਹੋਈ ਆਕ੍ਰਿਤੀ ਬਣਾਈ ਗਈ ਹੈ ਜਿਹੜੀ ਕਿ ਇਸ ਵੇਲੇ ਲੋਕਾਂ ਦੇ ਆਕਰਸ਼ਨ ਦਾ ਕੇਂਦਰ ਬਣੀ ਹੋਈ ਹੈ। ਇਸ ਵੱਡੇ ਆਕਾਰ ਦੀ ਆਕ੍ਰਿਤੀ ਬੀ. ਐੱਸ. ਐਫ. ਚੌਕ ਦੇ ਨਾਲ ਹੀ ਬਣਾਈ ਗਈ ਹੈ। ਜਦੋਂ ਇਹ ਆਕ੍ਰਿਤੀ ਰਾਤ ਨੂੰ ਘੁੰਮਦੀ ਹੈ ਤਾਂ ਉਸ ਵੇਲੇ ਕਾਫੀ ਵਧੀਆ ਲੱਗਦੀ ਹੈ। ਇਸ ਚੌਕ ਦੇ ਕੋਲ ਨਵੀਨੀਕਰਨ ਦਾ ਕੰਮ ਕੈਪੀਟਲ ਸਮਾਲ ਫਾਈਨਾਂਸ ਬੈਂਕ ਵੱਲੋਂ ਕਰਵਾਇਆ ਗਿਆ ਹੈ। ਰਾਤ ਨੂੰ ਘੁੰਮਦੀ ਇਹ ਆਕ੍ਰਿਤੀ ਕਾਫੀ ਆਕਰਸ਼ਕ ਲੱਗਦੀ ਹੈ। ਨਿਗਮ ਅਧਿਕਾਰੀ ਮੁਤਾਬਕ ਆਉਣ ਵਾਲੇ ਸਮੇਂ ਵਿਚ ਕਈ ਚੌਕਾਂ ਨੂੰ ਇਸ ਤਰਾਂ ਨਾਲ ਖ਼ੂਬਸੂਰਤ ਬਣਾਇਆ ਜਾਵੇਗਾ। ਉਂਜ ਇਹ ਆਕਰਸ਼ਕ ਆਕ੍ਰਿਤੀ ਬੰਗਲੌਰ ਤੋਂ ਬਣ ਕੇ ਆਈ ਹੈ।

# ਤੇਜ਼ ਰਫ਼ਤਾਰ ਟਰੱਕ ਨੇ ਐਕਟਿਵਾ ਸਵਾਰ ਨੂੰ ਮਾਰੀ ਟੱਕਰ, ਔਰਤ ਜ਼ਖ਼ਮੀ

ਮਕਸੂਦਾਂ, 27 ਨਵੰਬਰ (ਸੌਰਵ ਮਹਿਤਾ)-ਸ਼ਹੀਦ ਭਗਤ ਸਿੰਘ ਕਾਲੋਨੀ ਦੇ ਸਾਹਮਣੇ ਬਣੇ ਪੈਟਰੋਲ ਪੰਪ ਨੇੜੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ ਐਕਟਿਵਾ ਸਵਾਰ ਇੱਕ ਔਰਤ ਨੂੰ ਤੇਜ਼ ਰਫ਼ਤਾਰ ਟਰੱਕ ਨੇ ਟੱਕਰ ਮਾਰ ਦਿੱਤੀ। ਟਰੱਕ ਦੀ ਰਫ਼ਤਾਰ ਏਨੀ ਜ਼ਿਆਦਾ ਸੀ ਕਿ ਉਹ ਔਰਤ ਅਤੇ ਐਕਟਿਵਾ ਨੂੰ ਲਗਭਗ 20 ਫੁੱਟ ਤੱਕ ਘਸੀਟਦਾ ਲੈ ਗਿਆ। ਹਾਦਸੇ ਤੋਂ ਬਾਅਦ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਜ਼ਖ਼ਮੀ ਹੋਈ ਔਰਤ ਦੀ ਪਛਾਣ ਵੀਰਪਾਲ ਕੌਰ ਵਜੋਂ ਹੋਈ ਹੈ, ਜੋ ਕੋਟਲਾ ਪਿੰਡ ਦੀ ਰਹਿਣ ਵਾਲੀ ਹੈ। ਉਹ ਕਿਸੇ ਕੰਮ ਲਈ ਕਚਹਿਰੀ ਜਾ ਰਹੀ ਸੀ। ਰਾਹ ਵਿਚ ਸ਼ਹੀਦ ਭਗਤ ਸਿੰਘ ਕਾਲੋਨੀ ਸਾਹਮਣੇ ਪੈਟਰੋਲ ਪੰਪ ਤੋਂ ਤੇਲ ਪਵਾ ਕੇ ਜਿਵੇਂ ਹੀ ਉਹ ਸਰਵਿਸ ਲੇਨ 'ਚ ਮੁੜੀ, ਪਿੱਛੋਂ ਇੱਕ ਤੇਜ਼ ਰਫ਼ਤਾਰ ਟਰੱਕ ਨੇ ਉਸ ਨੂੰ ਸਿੱਧੀ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਐਕਟਿਵਾ ਟਰੱਕ ਹੇਠਾਂ ਫੱਸ ਗਈ ਤੇ ਵੀਰਪਾਲ ਕੌਰ ਸੜਕ 'ਤੇ ਘਸੀਟਦੀ ਰਹੀ। ਹਾਦਸਾ ਵਾਪਰਦੇ ਹੀ ਮੌਜੂਦਾ ਰਾਹਗੀਰ ਮਹਿਲਾ ਦੀ ਮਦਦ ਲਈ ਦੌੜੇ ਅਤੇ ਉਸ ਨੂੰ ਤੁਰੰਤ ਨੇੜਲੇ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਦਾ ਕਹਿਣਾ ਕਿ ਮਹਿਲਾ ਦੇ ਪੈਰ ਅਤੇ ਸਰੀਰ ਦੇ ਹੋਰ ਹਿੱਸਿਆਂ 'ਚ ਗੰਭੀਰ ਸੱਟਾਂ ਲੱਗੀਆਂ ਹਨ, ਅਤੇ ਉਸ ਦਾ ਇਲਾਜ ਜਾਰੀ ਹੈ। ਇਸ ਮੌਕੇ ਪਹੁੰਚੇ ਥਾਣਾ ਡਿਵੀਜ਼ਨ ਨੰਬਰ 1 ਦੇ ਏ. ਐਸ. ਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਟਰੱਕ ਨੂੰ ਕਬਜ਼ੇ 'ਚ ਲੈ ਲਿਆ ਹੈ ਤੇ ਡਰਾਈਵਰ ਦੀ ਤਲਾਸ਼ ਜਾਰੀ ਹੈ। ਹਾਦਸੇ ਦੇ ਕਾਰਨ ਇਲਾਕੇ ਵਿੱਚ ਲੰਮਾ ਜਾਮ ਲੱਗ ਗਿਆ ਸੀ।



ਹਾਦਸੇ ਮਗਰੋਂ ਟਰੱਕ ਹੇਠਾਂ ਫਸੀ ਹੋਈ ਐਕਟਿਵਾ। ਅਜੀਤ ਤਸਵੀਰ

### ਜਾਂਚ ਦੌਰਾਨ ਪੁਲਿਸ ਮੁਲਾਜ਼ਮ ਨੂੰ ਵੀ ਗੱਡੀ ਨੇ ਮਾਰੀ ਟੱਕਰ

ਇਸ ਹਾਦਸੇ ਦੀ ਜਾਂਚ ਕਰ ਰਹੀ ਪੀ.ਸੀ.ਆਰ. ਟੀਮ ਦੇ ਇੱਕ ਮੁਲਾਜ਼ਮ ਨਾਲ ਵੀ ਚਿੰਤਾਜਨਕ ਘਟਨਾ ਵਾਪਰੀ। ਜਦੋਂ ਪੀ.ਸੀ.ਆਰ. ਮੁਲਾਜ਼ਮ ਆਵਾਜਾਈ ਸੁਚਾਰੂ ਕਰਨ ਵਿੱਚ ਲੱਗੇ ਹੋਏ ਸਨ, ਤਾਂ ਇੱਕ ਲਾਪਰਵਾਹ ਕਾਰ ਚਾਲਕ ਨੇ ਉਸ ਮੁਲਾਜ਼ਮ ਦੇ ਪੈਰ 'ਤੇ ਗੱਡੀ ਚੜ੍ਹਾ ਦਿੱਤੀ। ਇਸ ਨਾਲ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਿਆ, ਉਸ ਨੂੰ ਵੀ ਤੁਰੰਤ ਹਸਪਤਾਲ ਪਹੁੰਚਾਇਆ ਗਿਆ।

# ਜਲੰਧਰ ਦੇ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੇ ਰਾਸ਼ਟਰੀ ਬਾਲ ਵਿਗਿਆਨਿਕ ਪ੍ਰਦਰਸ਼ਨੀ 'ਚ ਹਿੱਸਾ ਲਿਆ

ਜਲੰਧਰ, 27 ਨਵੰਬਰ (ਪਵਨ ਖਰਬੰਦਾ)-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਨੈਸ਼ਨਲ ਅਵਾਰਡੀ ਡਾ. ਗੁਰਿੰਦਰਜੀਤ ਕੌਰ ਅਤੇ ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸਟੇਟ ਅਵਾਰਡੀ ਰਾਜੀਵ ਜੋਸ਼ੀ ਦੀ ਅਗਵਾਈ ਵਿੱਚ ਜਲੰਧਰ ਜ਼ਿਲ੍ਹੇ ਦੇ ਦੋ ਪ੍ਰਤਿਸ਼ਠਿਤ ਸਿੱਖਿਆ ਸੰਸਥਾਨਾਂ—ਸਕੂਲ ਆਫ਼ ਐਮੀਨੈਂਸ ਲਾਡੋਵਾਲੀ ਰੋਡ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਦੀਆਂ ਵਿਦਿਆਰਥਣਾਂ ਨੇ ਭੋਪਾਲ ਵਿੱਚ ਕਰਵਾਈ 52ਵੀਂ ਰਾਸ਼ਟਰੀ ਬਾਲ ਵਿਗਿਆਨਿਕ ਪ੍ਰਦਰਸ਼ਨੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਜਿਲ੍ਹੇ ਦਾ ਮਾਣ ਵਧਾਇਆ। ਪ੍ਰਬੰਧਕਾਂ ਨੇ ਦੱਸਿਆ ਕਿ ਸਕੂਲ ਆਫ਼ ਐਮੀਨੈਂਸ ਲਾਡੋਵਾਲੀ ਰੋਡ ਦੇ ਠੋਸ ਕੂੜਾ ਪ੍ਰਬੰਧਨ ਮਾਡਲ ਨੇ ਜਿਸ ਨੂੰ ਪਹਿਲਾਂ ਪੰਜਾਬ ਸਟੇਟ ਸਾਇੰਸ ਪ੍ਰਦਰਸ਼ਨੀ 2024-25 ਵਿੱਚ ਦੂਸਰਾ ਸਥਾਨ ਮਿਲਿਆ ਸੀ, ਰਾਸ਼ਟਰੀ ਪੱਧਰ 'ਤੇ ਵਿਸ਼ੇਸ਼ ਪ੍ਰਸ਼ੰਸਾ ਹਾਸਿਲ ਕੀਤੀ। ਅਧਿਆਪਕਾ ਅਮਨਦੀਪ ਕੌਰ ਦੇ ਮਾਰਗਦਰਸ਼ਨ ਹੇਠ ਵਿੱਦਿਆਰਥਣ ਨਿਧੀ ਸ਼ਰਮਾ ਵਲੋਂ ਤਿਆਰ ਕੀਤਾ ਪ੍ਰਾਜੈਕਟ ਆਪਣੀ ਨਵੀਨ ਸੋਚ ਅਤੇ ਪ੍ਰਯੋਗਾਤਮਿਕ ਮਹੱਤਵ ਲਈ ਪ੍ਰਸਿੱਧ ਰਿਹਾ। ਦੂਸਰੇ ਪਾਸੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਦਾ 'ਖੁਰਾਕ, ਸਿਹਤ ਅਤੇ ਸਫਾਈ' ਵਿਸ਼ੇ 'ਤੇ ਤਿਆਰ ਕੀਤਾ ਮਾਡਲ ਜਿਸ ਨੇ ਰਾਜ ਪੱਧਰ 'ਤੇ ਤੀਸਰਾ ਸਥਾਨ ਹਾਸਿਲ ਕੀਤਾ ਸੀ— ਰਾਸ਼ਟਰੀ ਪ੍ਰਦਰਸ਼ਨੀ 'ਚ ਆਪਣੇ ਵਿਗਿਆਨਕ ਵਿਸ਼ਲੇਸ਼ਣ ਅਤੇ ਰਚਨਾਤਮਿਕ ਦ੍ਰਿਸ਼ਟੀਕੋਣ ਲਈ ਖਾਸ ਧਿਆਨ ਦਾ ਕੇਂਦਰ ਬਣਿਆ। ਇਹ ਮਾਡਲ ਸਾਇੰਸ ਮਿਸਟਰੈਸ ਪ੍ਰਿਅੰਕਾ ਦੀ ਰਹਿਨੁਮਾਈ ਹੇਠ ਵਿਦਿਆਰਥੀ ਉੱਜਵਲ ਨੇ ਤਿਆਰ ਕੀਤਾ ਸੀ। ਦੋਨਾਂ ਮਾਡਲਾਂ ਨੂੰ ਅਧਿਕਾਰੀਆਂ ਅਤੇ ਵਿਸ਼ੇਸ਼ ਮਹਿਮਾਨਾਂ— ਸੰਜਯ ਕੁਮਾਰ, ਹਿਮਾਂਸ਼ੂ ਗੁਪਤਾ, ਪ੍ਰੋ. ਦਿਨੇਸ਼ ਪ੍ਰਸਾਦ ਸਕਲਾਨੀ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਮੋਹਨ ਯਾਦਵ ਵੱਲੋਂ ਮੰਚ 'ਤੇ ਸਨਮਾਨਿਤ ਕੀਤਾ ਗਿਆ।



ਸਮਾਗਮ ਦੌਰਾਨ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਵਿਦਿਆਰਥੀ। ਤਸਵੀਰ-ਮੁਨੀਸ਼

**ਇਸ ਮਹੱਤਵਪੂਰਨ ਪ੍ਰਾਪਤੀ ਤੇ ਡਾ. ਗੁਰਿੰਦਰਜੀਤ ਕੌਰ, ਰਾਜੀਵ ਜੋਸ਼ੀ, ਕੋਆਰਡੀਨੇਟਰ ਪ੍ਰਿੰਸੀਪਲ ਸੁਖਦੇਵ ਲਾਲ ਬੱਬਰ ਅਤੇ ਸਹਾਇਕ ਕੋਆਰਡੀਨੇਟਰ ਹਰਜੀਤ ਕੁਮਾਰ ਬਾਵਾ ਨੇ ਦੋਨਾਂ ਸਕੂਲਾਂ ਦੇ ਮੁਖੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇਸ ਨੂੰ ਜ਼ਿਲ੍ਹੇ ਦੇ ਅਕਾਦਮਿਕ ਵਿਕਾਸ ਲਈ ਇੱਕ ਸ਼ਾਨਦਾਰ ਮੋੜ ਕਰਾਰ ਦਿੱਤਾ।**

# ਡੀ.ਏ.ਵੀ. ਕਾਲਜ ਬਣਿਆ ਭੰਗੜਾ ਚੈਂਪੀਅਨ

ਜਲੰਧਰ, 27 ਨਵੰਬਰ (ਜਸਪਾਲ ਸਿੰਘ)-ਜਲੰਧਰ 'ਚ ਰੈੱਡ ਬੁੱਲ ਭੰਗੜਾ ਬ੍ਰੋਲ ਰਾਸ਼ਟਰੀ ਫਾਈਨਲਜ਼ ਨੇ ਧੂਮ ਮਚਾ ਦਿੱਤੀ ਜਦੋਂ 8 ਰੋਮਾਂਚਕ ਟੀਮਾਂ ਨੇ ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ, ਜਲੰਧਰ ਵਿੱਚ ਊਰਜਾ, ਸੰਸਕ੍ਰਿਤੀ ਅਤੇ ਸੱਚੀ ਭੰਗੜਾ ਭਾਵਨਾਵਾਂ ਨਾਲ ਭਰੀ ਸ਼ਾਮ 'ਚ ਮੁਕਾਬਲਾ ਕੀਤਾ। ਇੱਕ ਸੀਰੀਜ਼ ਦੇ ਤੀਬਰ ਨਾਕਆਉਟ ਮੁਕਾਬਲਿਆਂ 'ਚ, ਡੀਏਵੀ ਕਾਲਜ ਜਲੰਧਰ ਨੇ ਲਗਾਤਾਰ ਧਮਾਕੇਦਾਰ ਪ੍ਰਦਰਸ਼ਨ ਕਰਦਿਆਂ ਰਾਸ਼ਟਰੀ ਖਿਤਾਬ ਆਪਣੇ ਨਾਂਅ ਕੀਤਾ। ਆਖਰੀ ਅੱਠ ਟੀਮਾਂ 'ਚ ਡੀ.ਏ.ਵੀ. ਕਾਲਜ ਜਲੰਧਰ, ਦੇਹਰਾਦੂਨ ਭੰਗੜਾ ਕਲੱਬ, ਗ੍ਰੂਵ 6, ਭੜਕੀਲੇ ਗਬਰੂ, ਜੋਸ਼ ਕ੍ਰੂ, ਉਦਾਰਿਆਨ, ਦ ਫੋਕਸਟ੍ਰਜ਼ ਅਤੇ ਐਮ ਟੂ ਭੰਗੜਾ ਸ਼ਾਮਿਲ ਸਨ। ਇਨ੍ਹਾਂ ਟੀਮਾਂ ਨੂੰ ਚੰਡੀਗੜ੍ਹ ਅਤੇ ਜਲੰਧਰ 'ਚ ਸਿਟੀ-ਲੇਵਲ ਕੁਆਲਿਫਾਇਰ ਲਈ ਸ਼ਾਰਟਲਿਸਟ ਕੀਤਾ ਗਿਆ। ਹਰ ਸਿਟੀ ਕੁਆਲਿਫਾਇਰ 'ਚ, ਟੀਮਾਂ ਨੇ ਨਾਕਆਉਟ ਫਾਰਮੈਟ 'ਚ ਮੁਕਾਬਲਾ ਕੀਤਾ। ਹਰ ਸ਼ਹਿਰ ਦੀਆਂ ਚਾਰ ਟੀਮਾਂ ਨੇ ਰਾਸ਼ਟਰੀ ਫਾਈਨਲ 'ਚ ਦਾਖ਼ਲਾ ਲਿਆ, ਜਿਸ ਨਾਲ ਟਾਪ-8 ਦਾ ਗਠਨ ਹੋਇਆ। ਪ੍ਰਦਰਸ਼ਨੀਆਂ ਬਾਰੇ ਗੱਲ ਕਰਦਿਆਂ, ਨਿਰਮਾਤਾ ਅਤੇ ਸੱਭਿਆਚਾਰਕ ਆਇਕਾਨ ਰੂਹੀ ਦੋਸਾਨੀ ਨੇ ਕਿਹਾ ਕਿ ਵਾਤਾਵਰਨ ਬਹੁਤ ਹੀ ਉਤਸ਼ਾਹਪੂਰਣ ਸੀ ਤੇ ਸਾਰੀਆਂ ਟੀਮਾਂ ਸ਼ਾਨਦਾਰ ਸਨ। ਭੰਗੜਾ ਕਲਾਕਾਰ ਅਤੇ ਕਮਿਊਨਿਟੀ ਦੀ ਆਵਾਜ਼ ਸਹਜਿੰਦਰ ਸਿੰਘ ਨੇ ਕਿਹਾ ਕਿ ਭਾਰਤ ਦੇ ਲੋਕ ਨ੍ਰਿਤ ਦੇ ਰੂਪਾਂ ਨੂੰ ਸਹਿਯੋਗ ਦੇਣ ਲਈ ਰੈੱਡ ਬੁੱਲ ਧੰਨਵਾਦ, ਲੰਬੇ ਸਮੇਂ ਤੱਕ ਭੰਗੜਾ ਜਿੰਦਾਬਾਦ, ਲੰਬੇ ਸਮੇਂ ਤੱਕ ਰੈੱਡ ਬੁੱਲ ਜਿੰਦਾਬਾਦ। ਰੈੱਡ ਬੁੱਲ ਭੰਗੜਾ ਬ੍ਰਾਵਲ ਹੁਨਰ, ਪਰੰਪਰਾ, ਅਥਲੈਟਿਸਿਜ਼ਮ ਅਤੇ ਰਚਨਾਤਮਕਤਾ ਦਾ ਇੱਕ ਤਿਉਹਾਰ ਹੈ-ਜੋ ਕਾਲਜ ਕ੍ਰੂ ਅਤੇ ਕਮਿਊਨਿਟੀ ਟੀਮਾਂ ਨੂੰ ਇੱਕ ਰਾਸ਼ਟਰੀ ਮੰਚ 'ਤੇ ਲਿਆਉਂਦਾ ਹੈ ਜਿੱਥੇ ਸੱਭਿਆਚਾਰ ਅਤੇ ਮੁਕਾਬਲਾ ਮਿਲਦੇ ਹਨ।



ਭੰਗੜੇ ਦੀ ਚੈਂਪੀਅਨ ਬਣੀ ਡੀ.ਏ.ਵੀ. ਕਾਲਜ ਦੀ ਟੀਮ ਦੇ ਮੈਂਬਰਾਂ ਦੇ ਨਾਲ ਮੁੱਖ ਮਹਿਮਾਨ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ। ਅਜੀਤ ਤਸਵੀਰ





ਕੈਪਟਨ ਮੰਗਲ ਸਿੰਘ ਨਮਿਤ ਅੰਤਿਮ ਅਰਦਾਸ ਮੌਕੇ ਕਥਾ ਕਰਦੇ ਹੋਏ ਭਾਈ ਪਿੰਦਰਪਾਲ ਸਿੰਘ, ਨਾਲ ਬੀਬੀ ਜਗੀਰ ਕੌਰ ਤੇ ਭਾਈ ਰਵਿੰਦਰ ਸਿੰਘ। ਨਾਲ ਉਨ੍ਹਾਂ ਦੇ ਪੁੱਤਰਾਂ ਗੁਰਵਿੰਦਰ ਸਿੰਘ, ਗੁਰਪਰੀਤ ਸਿੰਘ ਤੇ ਹਰਜੀਤ ਸਿੰਘ ਨਾਲ ਦੁੱਖ ਸਾਂਝਾ ਕਰਦੇ ਹੋਏ ਗਿਆਨੀ ਹਰਪ੍ਰੀਤ ਸਿੰਘ, ਬੀਬੀ ਜਗੀਰ ਕੌਰ ਤੇ ਹੋਰ। ਤਸਵੀਰਾਂ : ਮੁਨੀਸ਼

# ਕੈਪਟਨ ਮੰਗਲ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ

ਜਲੰਧਰ, 27 ਨਵੰਬਰ (ਜਸਪਾਲ ਸਿੰਘ)-ਕੈਪਟਨ ਮੰਗਲ ਸਿੰਘ ਸਾਬਕਾ ਸਰਪੰਚ ਸਰੂਪਵਾਲ (ਕਪੂਰਥਲਾ) ਨਮਿਤ ਪਾਠ ਦੇ ਭੋਗ ਉਪਰੰਤ ਕੀਰਤਨ ਤੇ ਅੰਤਿਮ ਅਰਦਾਸ ਗੁਰਦੁਆਰਾ ਅਰਬਨ ਐਸਟੇਟ ਫੇਸ-1 ਜਲੰਧਰ ਵਿਖੇ ਹੋਈ। ਇਸ ਮੌਕੇ ਭਾਈ ਰਵਿੰਦਰ ਸਿੰਘ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ, ਜਦਕਿ ਭਾਈ ਪਿੰਦਰਪਾਲ ਸਿੰਘ ਨੇ ਕਥਾ ਕੀਤੀ। ਇਸ ਮੌਕੇ ਵੱਖ-ਵੱਖ ਰਾਜਸੀ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਵਿਛੜੀ ਰੂਹ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ, ਪ੍ਰਤੀਕ ਸਿੰਘ ਇੰਚਾਰਜ ਭਾਜਪਾ ਉੱਤਰ ਪ੍ਰਦੇਸ਼ ਤੋਂ ਇਲਾਵਾ ਉਨ੍ਹਾਂ ਦੇ ਬੇਟੇ ਗੁਰਵਿੰਦਰ ਸਿੰਘ ਯੂ. ਐਸ. ਏ., ਗੁਰਪ੍ਰੀਤ ਸਿੰਘ ਯੂ. ਐਸ. ਏ. ਤੇ ਹਰਜੀਤ ਸਿੰਘ ਯੂ. ਐਸ. ਏ. ਤੇ ਪਰਿਵਾਰ ਦੇ ਹੋਰ ਮੈਂਬਰ ਤੇ ਇਲਾਕੇ ਦੀ ਸੰਗਤ ਵੀ ਮੌਜੂਦ ਸੀ।



ਸਰਵਿਸ ਰੋਡ 'ਤੇ ਦੀਵਾਰ ਬਣਾਉਣ ਦੀ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ ਗਈ ਹੈ। ਤਸਵੀਰ : ਜੀ. ਪੀ. ਸਿੰਘ

# ਸਰਵਿਸ ਰੋਡ 'ਤੇ ਦੀਵਾਰ ਬਣਾਉਣ ਦੀ ਕਮਿਸ਼ਨਰ ਨੂੰ ਕੀਤੀ ਸ਼ਿਕਾਇਤ

ਜਲੰਧਰ, 27 ਨਵੰਬਰ (ਸ਼ਿਵ)- ਕਾਂਗਰਸ ਦੇ ਕੌਂਸਲਰ ਸ੍ਰੀ ਬਲਰਾਜ ਠਾਕੁਰ ਨੇ ਅੱਜ ਨਿਗਮ ਕਮਿਸ਼ਨਰ ਸੰਦੀਪ ਰਿਸੀ ਨੂੰ ਮਿਲ ਕੇ ਸ੍ਰੀ ਗੁਰੂ ਅਮਰ ਦਾਸ ਚੌਕ ਤੇ ਸਾਈਡ (ਸਰਵਿਸ) ਰੋਡ ਨੂੰ ਬੰਦ ਕਰਨ ਦੀ ਸ਼ਿਕਾਇਤ ਕੀਤੀ ਹੈ। ਸ੍ਰੀ ਠਾਕੁਰ ਨੇ ਕਮਿਸ਼ਨਰ ਨੂੰ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਚੌਕ ਤੋਂ ਸ੍ਰੀ ਗੁਰੂ ਅਮਰ ਦਾਸ ਚੌਕ ਜਾਣ ਵਾਲੀ ਰੋਡ ਦੇ ਦੋਵੇਂ ਸਾਈਡਾਂ 'ਤੇ ਸਰਵਿਸ ਰੋਡ ਬਣੀਆਂ ਹੋਈਆਂ ਹਨ ਪਰ ਉੱਥੇ ਦੀਵਾਰਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਮਿਸ਼ਨਰ ਨੂੰ ਦੱਸਿਆ ਕਿ ਇਸ ਚੌਕ 'ਤੇ ਆਮ ਤੌਰ 'ਤੇ ਟ੍ਰੈਫ਼ਿਕ ਜਾਮ ਰਹਿੰਦਾ ਹੈ। ਜਿਸ ਕਰਕੇ ਸ਼ਹਿਰ ਦੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਚੌਕ 'ਤੇ ਸਰਵਿਸ ਰੋਡ ਨੂੰ ਬੰਦ ਕਰਨ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਵਧ ਜਾਣਗੀਆਂ। ਬਲਰਾਜ ਠਾਕੁਰ ਨੇ ਨਿਗਮ ਪ੍ਰਸ਼ਾਸਨ ਤੋਂ ਮੰਗ ਕੀ ਸਰਵਿਸ ਰੋਡ ਨੂੰ ਬੰਦ ਕਰਨ ਤੋਂ ਰੋਕਿਆ ਜਾਵੇ ਅਤੇ ਸਰਵਿਸ ਰੋਡ ਨੂੰ ਸਾਫ਼ ਕਰਵਾਇਆ ਜਾਵੇ।

## ਛੇੜਛਾੜ ਦੇ ਦੋਸ਼ ਅੰਦਰ ਸਰਕਾਰੀ ਸਕੂਲ ਦੇ ਡੀ. ਪੀ. ਮਾਸਟਰ 'ਤੇ ਪਰਚਾ ਦਰਜ

ਕਰਤਾਰਪੁਰ/ਕਿਸ਼ਨਗੜ੍ਹ, 27 ਨਵੰਬਰ (ਭਜਨ ਸਿੰਘ, ਹੁਸਨ ਲਾਲ)-ਕਰਤਾਰਪੁਰ ਥਾਣੇ ਅਧੀਨ ਆਉਂਦੇ ਪਿੰਡ ਕਰਾੜੀ ਦੇ ਸਰਕਾਰੀ ਸਕੂਲ ਦੇ ਡੀ. ਪੀ. ਮਾਸਟਰ ਰਜਿੰਦਰ ਕੁਮਾਰ ਪੁੱਤਰ ਬਲਬੀਰ ਕੁਮਾਰ ਵਾਸੀ ਬਿਆਸ ਪਿੰਡ ਥਾਣਾ ਆਦਮਪੁਰ ਜਲੰਧਰ ਖ਼ਿਲਾਫ ਪੁਲਿਸ ਵਲੋਂ ਪੀੜਤ ਲੜਕੀ ਦੇ ਬਿਆਨਾਂ ਉੱਪਰ ਮਾਮਲਾ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਪੀੜਤ ਲੜਕੀ ਨੂੰ ਮਾਸਟਰ ਵਲੋਂ ਸਕੂਲ 'ਚ ਬਿਊਟੀ ਲੈਬ ਦੇ ਕਮਰੇ 'ਚ ਟੇਬਲ ਦਾ ਦਰਾਜ਼ ਬੰਦ ਕਰਨ ਦੇ ਬਹਾਨੇ ਨਾਲ ਅੰਦਰ ਬੁਲਾ ਕੇ ਛੇੜਛਾੜ ਕੀਤੀ ਗਈ। ਪੀੜਤ ਵਲੋਂ ਵਿਰੋਧ ਕਰਨ 'ਤੇ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ। ਮੁਦਈ ਤੇ ਪਰਿਵਾਰ ਵਲੋਂ ਦਿੱਤੀ ਸ਼ਿਕਾਇਤ ਦੇ ਅਧਾਰ ਉੱਪਰ ਪੁਲਿਸ ਵਲੋਂ ਤੁਰੰਤ ਇੰਸਪੈਕਟਰ ਮੋਨੀਕਾ ਅਰੋੜਾ ਵਲੋਂ ਥਾਣਾ ਕਰਤਾਰਪੁਰ ਵਿਖੇ ਮੁਕੱਦਮਾ ਨੰਬਰ 300 ਦਰਜ ਕਰਕੇ ਦੋਸ਼ੀ ਨੂੰ ਪੋਕਸੋ ਐਕਟ ਤੇ ਹੋਰ ਵੱਖ-ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕਰਕੇ ਪੁਲਿਸ ਵਲੋਂ ਗ੍ਰਿਫਤਾਰ ਕਰ ਲਿਆ ਗਿਆ ਤੇ ਦੋਸ਼ੀ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾ ਰਿਹਾ। ਜਦ ਇਸ ਸਬੰਧੀ ਪੁਲਿਸ ਥਾਣਾ ਕਰਤਾਰਪੁਰ ਦੇ ਮੁਖੀ ਇੰਸਪੈਕਟਰ ਰਮਨਦੀਪ ਸਿੰਘ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਫੋਨ ਚੱਕਣਾ ਮੁਨਾਸਿਬ ਨਹੀਂ ਸਮਝਿਆ।

# ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਿਲਾਂ

**ਅਧਿਕਾਰੀਆਂ ਨੂੰ ਯੋਗ ਹੱਲ ਲਈ ਤੁਰੰਤ ਬਣਦੀ ਕਾਰਵਾਈ ਕਰਨ ਦੇ ਦਿੱਤੇ ਨਿਰਦੇਸ਼**

ਜਲੰਧਰ, 27 ਨਵੰਬਰ (ਚੰਦੀਪ ਭੱਲਾ)-ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਇੱਥੇ ਜ਼ਿਲ੍ਹਾ ਰੈੱਡ ਕਰਾਸ ਭਵਨ ਵਿਖੇ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਦੀਆਂ ਮੁਸ਼ਕਿਲਾਂ ਦੀ ਸੁਣਵਾਈ ਕਰਦਿਆਂ ਅਧਿਕਾਰੀਆਂ ਨੂੰ ਇਨ੍ਹਾਂ ਦੇ ਯੋਗ ਹੱਲ ਲਈ ਤੁਰੰਤ ਬਣਦੀ ਕਾਰਵਾਈ ਅਮਲ ਵਿਚ ਲਿਆਉਣ ਦੀਆਂ ਹਦਾਇਤਾਂ ਕੀਤੀਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਜੁਆਇੰਟ ਪੁਲਸ ਕਮਿਸ਼ਨਰ ਸੰਦੀਪ ਕੁਮਾਰ ਸ਼ਰਮਾ ਵੀ ਮੌਜੂਦ ਸਨ। ਇਸਾਈ ਭਾਈਚਾਰੇ ਦੀਆਂ ਕਬਰਿਸਤਾਨ ਸੰਬੰਧੀ ਸਮੱਸਿਆਵਾਂ ਸੁਣਦਿਆਂ ਕਮਿਸ਼ਨ ਦੇ ਚੇਅਰਮੈਨ ਨੇ ਅਧਿਕਾਰੀਆਂ ਨੂੰ ਇਸਾਈ ਭਾਈਚਾਰੇ ਦੇ ਲੋਕਾਂ ਨੂੰ ਅੰਤਿਮ ਰਸਮਾਂ ਨਿਭਾਉਣ 'ਚ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਜਲਦ ਹੱਲ ਕੱਢਣ ਦੀਆਂ ਹਦਾਇਤਾਂ ਕੀਤੀਆਂ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਕਬਰਿਸਤਾਨਾਂ 'ਤੇ ਨਾਜਾਇਜ਼ ਕਬਜ਼ਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਅਜਿਹਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਜ਼ਿੰਮੇਵਾਰਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਚੇਅਰਮੈਨ ਨੇ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਨੂੰ ਹਰ ਪੱਧਰ 'ਤੇ ਬਰਾਬਰੀ ਦੇ ਅਧਿਕਾਰ ਮਿਲਣ ਅਤੇ ਉਨ੍ਹਾਂ ਦੀਆਂ ਸਮਾਜਿਕ ਤੇ ਧਾਰਮਿਕ ਜ਼ਰੂਰਤਾਂ ਦਾ ਸਨਮਾਨ ਕਰਨਾ ਪੰਜਾਬ ਸਰਕਾਰ ਦੀ ਪਹਿਲ ਹੈ। ਵਧੀਕ ਡਿਪਟੀ ਕਮਿਸ਼ਨਰ ਅਮਨਿੰਦਰ ਕੌਰ ਨੇ ਚੇਅਰਮੈਨ ਨੂੰ ਭਰੋਸਾ ਦਿਵਾਇਆ ਕਿ ਇਨ੍ਹਾਂ ਮੁਸ਼ਕਿਲਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜਲਦ ਯੋਗ ਹੱਲ ਕੀਤਾ ਜਾਵੇਗਾ ਅਤੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਭਵਿੱਖ ਵਿਚ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਜੁਆਇੰਟ ਕਮਿਸ਼ਨਰ ਨਗਰ ਨਿਗਮ ਮਨਦੀਪ ਕੌਰ, ਏ.ਡੀ.ਸੀ.ਪੀ. ਜਯੰਤ ਪੁਰੀ, ਐੱਸ.ਪੀ. ਮਨਜੀਤ ਕੌਰ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਰਣਬੀਰ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਿੰਦਰਜੀਤ ਕੌਰ ਅਤੇ ਘੱਟ ਗਿਣਤੀ ਭਾਈਚਾਰੇ ਦੇ ਨੁਮਾਇੰਦੇ ਵੀ ਮੌਜੂਦ ਸਨ।



ਚੇਅਰਮੈਨ ਜਤਿੰਦਰ ਮਸੀਹ ਗੌਰਵ ਲੋਕਾਂ ਦੀਆਂ ਮੁਸ਼ਕਿਲਾਂ ਸੁਣਦੇ ਹੋਏ ਨਾਲ ਹਨ ਏ.ਡੀ.ਸੀ ਅਮਨਿੰਦਰ ਕੌਰ ਅਤੇ ਏ.ਡੀ.ਸੀ.ਪੀ ਜੇਅੰਤ ਪੁਰੀ ਅਤੇ ਹੋਰ। ਤਸਵੀਰ-ਮੁਨੀਸ਼